Australian Government
Department of Health and Aged Care



# ਬਜ਼ੁਰਗ ਸੰਭਾਲ ਘਰਾਂ ਵਿੱਚ ਦੇਖਭਾਲ ਕਰਨ ਦੇ ਮਿੰਟ

**ਹਰੇਕ ਬਜ਼ੁਰਗ ਸੰਭਾਲ ਘਰ ਨੂੰ ਉਸ ਘਰ ਵਿੱਚ ਰਹਿਣ ਵਾਲੇ ਹਰ ਕਿਸੇ ਲਈ ਲਾਜ਼ਮੀ ਤੌਰ 'ਤੇ ਦੇਖਭਾਲ ਦਾ ਇਕ ਨਿਸ਼ਚਿਤ ਸਮਾਂ ਪ੍ਰਦਾਨ ਕਰਨਾ ਚਾਹੀਦਾ ਹੈ। ਦੇਖਭਾਲ, ਰਜਿਸਟਰ ਨਰਸਾਂ, ਨਾਮਜ਼ਦ ਨਰਸਾਂ, ਨਿੱਜੀ ਸੰਭਾਲ ਕਰਮਚਾਰੀਆਂ ਅਤੇ ਨਰਸਿੰਗ ਵਿੱਚਲੇ ਸਹਾਇਕਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ। ਇਸ ਨੂੰ ਦੇਖਭਾਲ ਕਰਨ ਦੇ ਮਿੰਟਾਂ ਦੀ ਜ਼ਿੰਮੇਵਾਰੀ ਕਿਹਾ ਜਾਂਦਾ ਹੈ।**

## ਕੀ ਬਦਲਿਆ ਹੈ?

2021 ਵਿੱਚ, Aged Care Quality and Safety (Royal Commission) ਵਾਸਤੇ Royal Commission [ਰੌਇਲ ਕਮਿਸ਼ਨ] ਨੇ ਸਿਫਾਰਸ਼ ਕੀਤੀ ਸੀ ਕਿ ਹਰੇਕ ਬਜ਼ੁਰਗ ਸੰਭਾਲ ਘਰ ਉਪਰ ਉਨ੍ਹਾਂ ਦੇ ਵਸਨੀਕਾਂ ਦੀਆਂ ਜ਼ਰੂਰਤਾਂ ਦੇ ਅਧਾਰ ਤੇ ਦੇਖਭਾਲ ਕਰਨ ਦੇ ਮਿੰਟਾਂ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ। ਆਸਟ੍ਰੇਲੀਆ ਦੀ ਸਰਕਾਰ ਨੇ 1 ਅਕਤੂਬਰ 2023 ਤੋਂ ਇਨ੍ਹਾਂ ਦੇਖਭਾਲ ਕਰਨ ਦੇ ਮਿੰਟਾਂ ਨੂੰ ਲਾਜ਼ਮੀ ਬਣਾ ਦਿੱਤਾ ਹੈ।

## ਇਹ ਮਹੱਤਵਪੂਰਨ ਕਿਉਂ ਹੈ?

Royal Commission ਨੇ ਪਛਾਣ ਕੀਤੀ ਕਿ ਸਟਾਫ਼ ਦੇ ਪੱਧਰ ਰਿਹਾਇਸ਼ੀ ਦੇਖਭਾਲ ਦੀ ਉਸ ਗੁਣਵੱਤਾ ਲਈ ਮਹੱਤਵਪੂਰਨ ਹਨ ਜੋ ਆਸਟ੍ਰੇਲੀਆ ਵਿਚ ਬਜ਼ੁਰਗ ਲੋਕ ਹਾਸਲ ਕਰਦੇ ਹਨ। ਲਾਜ਼ਮੀ ਦੇਖਭਾਲ ਦੇ ਮਿੰਟਾਂ ਦਾ ਮਤਲਬ ਹੈ ਕਿ ਜੋ ਲੋਕ ਆਸਟ੍ਰੇਲੀਆ ਭਰ ਵਿੱਚ ਬਜ਼ੁਰਗ ਸੰਭਾਲ ਘਰਾਂ ਵਿੱਚ ਰਹਿੰਦੇ ਹਨ, ਉਨ੍ਹਾਂ ਦੀ ਨਿੱਜੀ ਅਤੇ ਕਲੀਨੀਕਲ ਦੇਖਭਾਲ ਤੱਕ ਬਿਹਤਰ ਪਹੁੰਚ ਹੋਵੇਗੀ।

## ਹਰੇਕ ਵਿਅਕਤੀ ਨੂੰ ਕਿੰਨੀ ਦੇਖਭਾਲ ਮਿਲੇਗੀ?

ਔਸਤਨ, ਉਹ ਲੋਕ ਜੋ ਇਕ ਬਜ਼ੁਰਗ ਦੇਖਭਾਲ ਘਰ ਵਿੱਚ ਰਹਿੰਦੇ ਹਨ, ਉਨ੍ਹਾਂ ਨੂੰ ਹਰੇਕ ਦਿਨ 215 ਮਿੰਟ ਦੀ ਦੇਖਭਾਲ ਮਿਲੇਗੀ, ਜਿਸ ਵਿੱਚ ਇਕ ਰਜਿਸਟਰਡ ਨਰਸ ਤੋਂ ਮਿਲੇ ਘੱਟੋ ਘੱਟ 44 ਮਿੰਟ ਸ਼ਾਮਲ ਹਨ। ਦੇਖਭਾਲ ਦਾ ਇਹ ਸਾਰਾ ਸਮਾਂ ਆਹਮੋ-ਸਾਹਮਣੇ ਨਹੀਂ ਦਿੱਤਾ ਜਾਵੇਗਾ। ਉਦਾਹਰਨ ਲਈ, ਸੰਭਾਲ ਯੋਜਨਾਵਾਂ ਨੂੰ ਬਨਾਉਣਾ, ਸੰਭਾਲ ਦੇ ਮੁੱਦਿਆਂ 'ਤੇ ਪਰਿਵਾਰ ਦੇ ਜੀਆਂ ਨਾਲ ਸੰਪਰਕ ਕਰਨ ਅਤੇ ਹੋਰ ਸਿਹਤ ਪ੍ਰੈਕਟੀਸ਼ਨਰਾਂ ਨਾਲ ਮੁਲਾਕਾਤਾਂ ਦਾ ਪ੍ਰਬੰਧ ਕਰਨ ਵਰਗੀਆਂ ਗਤੀਵਿਧੀਆਂ ਸੰਭਾਲ ਦੇ ਮਿੰਟਾਂ ਵਿੱਚ ਸ਼ਾਮਲ ਹਨ।

ਕਿਉਂਕਿ ਦੇਖਭਾਲ ਦੇ ਮਿੰਟਾਂ ਦੇ ਟੀਚੇ ਸਾਰੇ ਵਸਨੀਕਾਂ ਲਈ ਔਸਤ ਵਜੋਂ ਪ੍ਰਦਾਨ ਕੀਤੇ ਜਾਂਦੇ ਹਨ, ਕੁਝ ਲੋਕਾਂ ਨੂੰ ਵਧੇਰੇ ਦੇਖਭਾਲ ਦਾ ਸਮਾਂ ਮਿਲ ਸਕਦਾ ਹੈ, ਅਤੇ ਹੋਰਨਾਂ ਨੂੰ ਘੱਟ ਸਮਾਂ ਮਿਲ ਸਕਦਾ ਹੈ, ਇਹ ਉਨ੍ਹਾਂ ਦੀ ਆਪਣੀ ਨਿੱਜੀ ਦੇਖਭਾਲ ਅਤੇ ਕਲੀਨਕੀ ਲੋੜਾਂ ਤੇ ਅਧਾਰਿਤ ਹੋ ਸਕਦਾ ਹੈ।

## ਬਜ਼ੁਰਗ ਸੰਭਾਲ ਘਰ ਆਪਣੇ ਦੇਖਭਾਲ ਕਰਨ ਦੇ ਮਿੰਟਾਂ ਦੇ ਟੀਚਿਆਂ ਨੂੰ ਕਿਵੇਂ ਪੂਰਾ ਕਰਦੇ ਹਨ?

ਬਜ਼ੁਰਗ ਸੰਭਾਲ ਘਰ ਹਰ 3 ਮਹੀਨਿਆਂ (ਜਾਂ ਸਾਲ ਦੀ ਹਰ ਤਿਮਾਹੀ) ਵਿੱਚ ਆਪਣੇ ਸੰਭਾਲ ਕਰਨ ਦੇ ਮਿੰਟਾਂ ਦੇ ਟੀਚਿਆਂ ਨੂੰ ਪੂਰਾ ਕਰਦੇ ਹਨ। ਇਹ ਉਨ੍ਹਾਂ ਲੋਕਾਂ ਦੀਆਂ ਦੇਖਭਾਲ ਦੀਆਂ ਲੋੜਾਂ 'ਤੇ ਅਧਾਰਿਤ ਹਨ ਜੋ ਪਿਛਲੇ 3 ਮਹੀਨਿਆਂ ਤੋਂ ਉਸ ਸੰਭਾਲ ਘਰ ਵਿੱਚ ਰਹਿ ਰਹੇ ਹਨ। ਇਸ ਦਾ ਮਤਲਬ ਹੈ ਕਿ ਉਨ੍ਹਾਂ ਦੇ ਹਰ ਤਿਮਾਹੀ ਵਿੱਚ ਵੱਖ-ਵੱਖ ਟੀਚੇ ਹੋਣਗੇ। ਤੁਸੀਂ, ਅਤੇ ਨਾਲ ਹੀ ਤੁਹਾਡਾ ਪਰਿਵਾਰ ਅਤੇ ਸੰਭਾਲ ਕਰਨ ਵਾਲੇ, ਸਾਡੀ ਵੈੱਬਸਾਈਟ ਉਪਰ ਡੈਟਾ ਸੈਕਸ਼ਨ ਵਿੱਚ ਆਪਣੇ ਸੰਭਾਲ ਘਰ ਦੇ ਵਰਤਮਾਨ ਦੇਖਭਾਲ ਕਰਨ ਦੇ ਮਿੰਟਾਂ ਦੇ ਟੀਚੇ ਵੇਖ ਸਕਦੇ ਹੋ: www.health.gov.au/resources/collections/care-minutes-and-247-registered-nurse-responsibility-resources#data.

## ਮੈਂ ਕਿਵੇਂ ਵੇਖ ਸਕਦਾ ਹਾਂ ਕਿ ਮੇਰਾ ਸੰਭਾਲ ਘਰ ਆਪਣੇ ਦੇਖਭਾਲ ਕਰਨ ਦੇ ਮਿੰਟਾਂ ਦੇ ਟੀਚਿਆਂ ਨੂੰ ਪੂਰਾ ਕਰ ਰਿਹਾ ਹੈ ਜਾਂ ਨਹੀਂ?

ਦੇਖਭਾਲ ਕਰਨ ਦੇ ਮਿੰਟਾਂ ਦੇ ਟੀਚਿਆਂ ਦੀ ਡਿਲੀਵਰੀ ਨੂੰ ਹਰੇਕ ਬਜ਼ੁਰਗ ਸੰਭਾਲ ਘਰ ਲਈ Staffing Star Rating [ਸਟਾਫ਼ ਸਟਾਰ ਰੇਟਿੰਗ] ਦੇ ਹਿੱਸੇ ਵਜੋਂ ਮਾਪਿਆ ਜਾਂਦਾ ਹੈ। ਤੁਸੀਂ My Aged Care 'Find a Provider' ['ਫਾਈਂਡ ਏ ਪ੍ਰੋਵਾਈਡਰ'] ਟੂਲ ਰਾਹੀਂ Staffing Star Rating ਟੈਬ 'ਤੇ ਆਪਣੇ ਸੰਭਾਲ ਘਰ ਦੀ Staffing Star Rating ਦੇ ਨਾਲ-ਨਾਲ ਇਸ ਦੇ ਟੀਚਿਆਂ ਦੀ ਤੁਲਨਾ ਵਿੱਚ ਆਪਣੇ ਸੰਭਾਲ ਘਰ ਵਿੱਚ ਪ੍ਰਦਾਨ ਕੀਤੇ ਗਏ ਦੇਖਭਾਲ ਕਰਨ ਦੇ ਸਮੇਂ ਦੀ ਮਾਤਰਾ ਨੂੰ ਦੇਖ ਸਕਦੇ ਹੋ: myagedcare.gov.au/find-a-provider.

ਇਹ ਜਾਣਕਾਰੀ ਹਰੇਕ ਤਿਮਾਹੀ ਦੇ ਅੰਤ ਤੋਂ ਲਗਭਗ 4 ਮਹੀਨਿਆਂ ਬਾਅਦ ਨਵਿਆਈ ਜਾਂਦੀ ਹੈ।

ਤੁਸੀਂ ਇਸ ਨੂੰ ਸਾਡੀ ਵੈੱਬਸਾਈਟ 'ਤੇ ਵੀ ਵੇਖ ਸਕਦੇ ਹੋ: https://www.health.gov.au/resources/publications/service-level-care-minutes-performance-in-residential-aged-care-from-october-2023

## ਜੇ ਮੇਰੇ ਬਜ਼ੁਰਗ ਸੰਭਾਲ ਘਰ ਵਿੱਚ ਲੋੜੀਂਦਾ ਸਟਾਫ਼ ਨਹੀਂ ਹੈ ਤਾਂ ਕੀ ਹੋਵੇਗਾ?

ਆਸਟ੍ਰੇਲੀਆ ਦੇ ਕੁਝ ਹਿੱਸਿਆਂ ਵਿੱਚ, ਜਿਵੇਂ ਕਿ ਦਿਹਾਤੀ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ, ਬਜ਼ੁਰਗ ਸੰਭਾਲ ਘਰਾਂ ਨੂੰ ਲੋੜੀਂਦੇ ਸਾਰੇ ਸੰਭਾਲ ਕਰਮਚਾਰੀ ਹਾਸਲ ਕਰਨਾ ਮੁਸ਼ਕਿਲ ਹੋ ਸਕਦਾ ਹੈ। ਸਰਕਾਰ ਸਾਰੇ ਬਜ਼ੁਰਗ ਸੰਭਾਲ ਘਰਾਂ ਦੇ ਨਾਲ ਕੰਮ ਕਰ ਰਹੀ ਹੈ ਤਾਂ ਜੋ ਉਨ੍ਹਾਂ ਨੂੰ ਵਧੇਰੇ ਦੇਖਭਾਲ ਕਰਮਚਾਰੀ ਹਾਸਲ ਕਰਨ ਵਿੱਚ ਮਦਦ ਕੀਤੀ ਜਾ ਸਕੇ। ਹੋਰ ਜਾਣੋ: health.gov.au/topics/aged-care-workforce/what-were-doing.

## ਜੇ ਮੈਨੂੰ ਆਪਣੇ ਬਜ਼ੁਰਗ ਸੰਭਾਲ ਘਰ ਵਿੱਚ ਸਟਾਫ਼ ਬਾਰੇ ਚਿੰਤਾਵਾਂ ਹਨ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਆਪਣੇ ਬਜ਼ੁਰਗ ਸੰਭਾਲ ਘਰ ਵਾਸਤੇ ਰਿਪੋਰਟ ਕੀਤੇ ਦੇਖਭਾਲ ਕਰਨ ਵਾਲੇ ਮਿੰਟਾਂ ਦੀ ਸ਼ੁੱਧਤਾ ਬਾਰੇ ਚਿੰਤਤ ਹੋ, ਤਾਂ ਤੁਸੀਂ ਸਾਨੂੰ ANACCReportingAssessments@health.gov.au 'ਤੇ ਈਮੇਲ ਕਰ ਸਕਦੇ ਹੋ।

Aged Care Quality and Safety Commission ਬਜ਼ੁਰਗ ਸੰਭਾਲ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਜੀਵਨ ਦੀ ਗੁਣਵੱਤਾ ਦੀ ਰੱਖਿਆ ਕਰਨ ਵਿੱਚ ਮਦਦ ਕਰਦਾ ਹੈ। ਜਿੱਥੇ ਪ੍ਰਦਾਨ ਕੀਤੀ ਜਾ ਰਹੀ ਦੇਖਭਾਲ ਬਾਰੇ ਚਿੰਤਾਵਾਂ ਹਨ, ਕਮਿਸ਼ਨ ਕਾਰਵਾਈ ਕਰੇਗਾ। ਜੇ ਤੁਸੀਂ ਆਪਣੇ ਬਜ਼ੁਰਗ ਸੰਭਾਲ ਘਰ ਵਿੱਚ ਸਟਾਫ਼ ਜਾਂ ਕਿਸੇ ਹੋਰ ਮਾਮਲੇ ਬਾਰੇ ਚਿੰਤਤ ਹੋ, ਤਾਂ ਤੁਸੀਂ ਕਮਿਸ਼ਨ ਦੀ ਵੈੱਬਸਾਈਟ agedcarequality.gov.au/making-complaint 'ਤੇ ਜਾ ਕੇ ਜਾਂ 1800 951 822 ਨੂੰ ਫ਼ੋਨ ਕਰਕੇ ਕਮਿਸ਼ਨ ਨੂੰ ਸ਼ਿਕਾਇਤ ਕਰ ਸਕਦੇ ਹੋ। ਸ਼ਿਕਾਇਤਾਂ ਖੁੱਲ੍ਹੀਆਂ, ਗੁਪਤ ਜਾਂ ਗੁੰਮਨਾਮ ਹੋ ਸਕਦੀਆਂ ਹਨ।

### ਆਓ ਮਿਲ ਕੇ ਬਜ਼ੁਰਗਾਂ ਦੀ ਦੇਖਭਾਲ ਨੂੰ ਬਦਲੀਏ

ਅਸੀਂ ਆਸਟ੍ਰੇਲੀਆ ਦੇ ਲੋਕਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਬਜ਼ੁਰਗਾਂ ਦੀ ਦੇਖਭਾਲ ਦੇ ਸੁਧਾਰਾਂ ਬਾਰੇ ਆਪਣੀ ਰਾਏ ਦੇਣਾ ਜਾਰੀ ਰੱਖਣ।

**agedcareengagement.health.gov.au** 'ਤੇ ਜਾਓ।

ਫ਼ੋਨ **1800 318 209** (ਬਜ਼ੁਰਗ ਦੇਖਭਾਲ ਸੁਧਾਰ ਮੁਫ਼ਤ-ਕਾਲ ਫ਼ੋਨ ਲਾਈਨ)

ਅਨੁਵਾਦ ਅਤੇ ਦੁਭਾਸ਼ੀਆ ਸੇਵਾਵਾਂ ਲਈ 131 450 ਨੂੰ ਫ਼ੋਨ ਕਰੋ ਅਤੇ 1800 318 209 ਲਈ ਪੁੱਛੋ।
National Relay Service ਦੀ ਵਰਤੋਂ ਕਰਨ ਲਈ, nrschat.nrscall.gov.au/nrs 'ਤੇ ਜਾਓ ਤਾਂ ਜੋ ਉਹਨਾਂ ਦੀ ਵੈੱਬਸਾਈਟ 'ਤੇ ਆਪਣਾ ਪਸੰਦੀਦਾ ਐਕਸੈਸ ਪੁਆਇੰਟ ਚੁਣਿਆ ਜਾ ਸਕੇ, ਜਾਂ NRS Helpdesk ਨੂੰ 1800 555 660 'ਤੇ ਫ਼ੋਨ ਕਰੋ।